# 1

## ਸਵਾਲ:

# ''ਜੇ ਧਰਮ ਦੇ ਬਗੈਰ ਖੁਸ਼ ਰਿਹਾ ਜਾ ਸਕਦਾ ਹੈ, ਤਾਂ ਫਿਰ ਇਸ ਦੀ ਕੀ ਲੋੜ ਹੈ?''

## ਜਵਾਬ:

ਜੇ ਕੋਈ ਧਰਮ ਦੇ ਬਗੈਰ ਖੁਸ਼ ਰਹਿ ਸਕਦਾ ਹੈ ਤਾਂ ਫਿਰ ਇਸ ਦੀ ਕੀ ਲੋੜ ਹੈ? ਆਸਟ੍ਰੇਲੀਆ ਵਿਚ ਮਿਸ਼ਨਰੀ ਕੰਮ ਕਰਦਿਆਂ ਸਾਨੂੰ ਇਸ ਸਵਾਲ ਨਾਲ ਕਈ ਵਾਰ ਦੋ ਚਾਰ ਹੋਣਾ ਪਿਆ। ਲੋਕਾਂ ਨਾਲ ਬਾਈਬਲ ਅਧਿਐਨ ਸ਼ੁਰੂ ਕਰਨ ਦੀ ਕੋਸ਼ਿਸ਼ ਕਰਨ ਵੇਲੇ ਸਾਨੂੰ ਵਿਰੋਧ ਦਾ ਨਹੀਂ ਬਲਕਿ ਆਮ ਤੌਰ ਤੇ ਬੇਪਰਵਾਹੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਦ ਲੋਕਾਂ ਨੂੰ ਬੰਦਗੀ ਵਿਚ ਆਉਣ ਦਾ ਸੱਦਾ ਦਿੱਤਾ ਜਾਂਦਾ ਤਾਂ ਉਨ੍ਹਾਂ ਦਾ ਜਵਾਬ ਹੁੰਦਾ ਹੈ, ''ਨਹੀਂ, ਮੈਨੂੰ ਨਹੀਂ ਲਗਦਾ ਕਿ ਮੈਨੂੰ ਕੋਈ ਲੋੜ ਹੈ,'' ਜਾਂ ''ਨਹੀਂ, ਮੈਨੂੰ ਕੋਈ ਲੋੜ ਨਹੀਂ।'' ਲੋਕ ਧਰਮ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਭਲਾ ਉਨ੍ਹਾਂ ਨੂੰ ਇਸ ਵਿਚ ਦਿਲਚਸਪੀ ਲੈਣੀ ਚਾਹੀਦੀ ਹੈ?

ਇਹ ਸਵਾਲ ਇਸ ਤੱਥ ਨਾਲ ਹੋਰ ਪੇਚੀਦਾ ਹੋ ਜਾਂਦਾ ਹੈ ਕਿ ਧਰਮ ਨੂੰ ਨਾ ਮੰਨਣ ਵਾਲੇ ਲੋਕ ਆਮ ਤੌਰ ਤੇ ਖੁਸ਼ ਰਹਿੰਦੇ ਹਨ। ਉਦਾਹਰਣ ਲਈ ਆਸਟ੍ਰੇਲੀਆ ਵਿਚ ਇਕ ਅਖ਼ਬਾਰ ਵਿਚ ਛਪੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਆਸਟ੍ਰੇਲੀਆ ਦੇ ਸਭ ਲੋਕਾਂ ਵਿੱਚੋਂ ਜਿਨ੍ਹਾਂ ਦੀ ਇੰਟਰਵਿਊ ਲਈ ਗਈ ਸੀ, 55 ਫ਼ੀਸਦੀ ਲੋਕ ਬਹੁਤ ਖੁਸ਼ ਲੋਕ ਸਨ, 43 ਫ਼ੀਸਦੀ ਲੋਕ ਖੁਸ਼ ਸਨ ਅਤੇ 2 ਫ਼ੀਸਦੀ ਲੋਕ ਖੁਸ਼ ਨਹੀਂ ਸਨ। ਅਮਰੀਕਾ ਵਿਚ ਕੀਤੇ ਗਏ ਇਸ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਅਮਰੀਕੀ ਲੋਕ ਵੀ ਆਪਣੇ ਆਪ ਨੂੰ ਤਕਰੀਬਨ ਇਸੇ ਅਨੁਪਾਤ ਵਿਚ ਖੁਸ਼ ਮੰਨਦੇ ਹਨ।[1]

ਇਹ ਖੁਸ਼ੀ ਆਮ ਤੌਰ ਤੇ ਧਰਮ ਵਿਚ ਹਿੱਸਾ ਲਏ ਬਗੈਰ ਪਾਈ ਜਾਂਦੀ ਹੈ। ਜ਼ਿਆਦਾਤਰ ਆਸਟ੍ਰੇਲੀਆਈ ਲੋਕ ਕਲੀਸੀਆ ਵਿਚ ਬੰਦਗੀ ਲਈ ਨਹੀਂ ਜਾਂਦੇ। ਉਦਾਹਰਣ ਵਜੋਂ ਆਪਣੇ ਦੋਸਤਾਂ ਨਾਲ ਹੋਣ ਅਤੇ ਉਨ੍ਹਾਂ ਦੀ ਮਦਦ ਕਰਨ ਵਾਲੇ ਆਦਰਸ਼ ਅਸਟ੍ਰੇਲੀਆਈ ਲੋਕ ਹਰ ਰੋਜ਼ ਅਹਾਤੇ ਵਿਚ ਜਾ ਕੇ, ਪਰਿਵਾਰ ਦੀ ਮਦਦ ਕਰਕੇ, ਆਪਣਾ ਘਰ ਬਣਾ ਕੇ, ਕੁਝ ਪੈਸਾ ਬਚਾਉਣ ਦੇ ਬਾਅਦ ਆਪਣੇ ਬਗੀਚੇ ਲਈ ਅਤੇ ਆਪਣੀਆਂ ਪਸੰਦੀਦਾਂ ਖੇਡਾਂ ਲਈ ਸਮਾਂ ਪਾਉਣ ਵਾਲੇ ਨੂੰ ਜ਼ਿੰਦਗੀ ਵਿਚ ਸੰਤੁਸ਼ਟ ਮੰਨਿਆ ਜਾਵੇਗਾ। ਕਿਹਾ ਜਾਂਦਾ ਹੈ ਕਿ ਬਹੁਤ ਸਾਰੇ ਆਸਟ੍ਰੇਲੀਆਈ ਲੋਕਾਂ ਦਾ ਰੱਬ ਤਾਂ SUN (ਸੂਰਜ) surf (ਲਹਿਰ) ਅਤੇ suds (ਬੀਅਰ) ਹਨ। ਬਾਈਬਲ ਦੇ ਖ਼ੁਦਾ ਦਾ ਉਨ੍ਹਾਂ ਦੀ ਜ਼ਿੰਦਗੀ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ।

ਧਰਮ ਬਾਰੇ ਉਨ੍ਹਾਂ ਦਾ ਕੀ ਕਹਿਣਾ ਹੈ? ਉਨ੍ਹਾਂ ਦੇ ਖ਼ਿਆਲ ਵਿਚ ਧਰਮ ਬੁੱਢੇ, ਬੀਮਾਰ ਅਤੇ

ਗਰੀਬ ਲੋਕਾਂ ਲਈ ਹੈ। ਸਿਰਫ਼ ਦਿਮਾਗੀ, ਜਿਸਮਾਨੀ ਜਾਂ ਮਾਲੀ ਪਰੇਸ਼ਾਨੀਆਂ ਤੋਂ ਦੁਖੀ ਅਤੇ ਲਚਾਰ ਲੋਕ ਹੀ ਧਾਰਮਿਕ ਹੁੰਦੇ ਹਨ। ਉਨ੍ਹਾਂ ਨੂੰ ਹੀ ਜ਼ਿੰਦਾ ਰਹਿਣ ਲਈ ਬੈਸਾਖੀ ਦੇ ਰੂਪ ਵਿਚ ਧਰਮ ਦੀ ਲੋੜ ਪੈਂਦੀ ਹੈ। ਪਰ ਉਨ੍ਹਾਂ ਦੀ ਸਮਝ ਮੁਤਾਬਿਕ ਖਾਂਦੇ ਪੀਂਦੇ, ਅਮੀਰ, ਮੱਧਮ ਜਾਂ ਉੱਚ ਵਰਗ, ਤਾਕਤਵਰ ਅਤੇ ਅਜ਼ਾਦ ਬੰਦੇ ਨੂੰ ਇਸ ਦੀ ਲੋੜ ਨਹੀਂ ਹੁੰਦੀ! ਉਸ ਨੂੰ ਬੈਸਾਖੀ ਦੇ ਲੋੜ ਨਹੀਂ ਹੈ। ਇਸ ਕਰਕੇ ਉਹ ਧਰਮ ਦੀ ਪਰਵਾਹ ਨਹੀਂ ਕਰਦਾ।

ਅਜਿਹੀ ਸੋਚ ਰੱਖਣ ਵਾਲੇ ਲੋਕ ਆਸਟ੍ਰੇਲੀਆ ਵਿਚ ਹੀ ਨਹੀਂ ਹਨ। ਉਹ ਤੁਹਾਡੇ ਗੁਆਂਢ ਵਿਚ ਵੀ ਰਹਿੰਦੇ ਹਨ; ਤੁਹਾਡੇ ਨਾਲ ਕੰਮ ਕਰਦੇ ਹਨ; ਗਲੀ ਵਿਚ ਤੁਹਾਨੂੰ ਮਿਲਦੇ ਹਨ ਅਤੇ ਬਜ਼ਾਰ ਵਿਚ ਤੁਹਾਡੀ ਉਡੀਕ ਕਰਦੇ ਹਨ। ਅਸਲ ਵਿਚ ਜ਼ਿਆਦਾਤਰ ਲੋਕਾਂ ਕੋਲ ਧਰਮ ਲਈ ਜਾਂ ਤਾਂ ਸਮਾਂ ਘੱਟ ਹੈ ਜਾਂ ਹੈ ਹੀ ਨਹੀਂ। ਬਹੁਤ ਸਾਰੇ ਲੋਕਾਂ ਦੇ ਖਿਆਲ਼ ਨਾਲ, ਖ਼ੁਦਾ ਮਰਿਆ ਹੋਇਆ ਹੈ ਜਾਂ ਘੱਟੋ ਘੱਟ ਮਰੇ ਦੇ ਬਰਾਬਰ ਤਾਂ ਹੋਵੇਗਾ ਹੀ, ਕਿਉਂਕਿ ਉਹ ਉਨ੍ਹਾਂ ਦੀਆਂ ਜ਼ਿੰਦਗੀ ਵਿਚ ਕੋਈ ਬਦਲਾਅ ਨਹੀਂ ਲਿਆਉਂਦਾ।

ਭਲਾ ਅਜਿਹੇ ਲੋਕ ਸਹੀ ਹਨ? ਜੇ ਤੁਸੀਂ ਜ਼ਿੰਦਗੀ ਵਿਚ ਧਾਰਮਿਕ ਬਣੇ ਬਗੈਰ ਖੁਸ਼ ਰਹਿ ਸਕਦੇ ਹੋ ਤਾਂ ਕੀ ਫ਼ਿਕਰ ਕਰਨ ਦੀ ਕੋਈ ਲੋੜ ਹੈ? ਮੇਰਾ ਜਵਾਬ ਹੈ: ਹਾਂ, ਤੁਹਾਨੂੰ ਧਾਰਮਿਕ ਹੋਣਾ ਚਾਹੀਦਾ ਹੈ। ਪਰ ਕਿਉਂ?

## ਕਿਉਂਕਿ ਮਨੁੱਖ ਜਾਨਵਰ ਨਹੀਂ ਹੈ

ਪੁਰਾਤਨ ਮਿਥਹਾਸ ਵਿਚ ਰੋਮ ਦੇ ਇਕ ਜੰਗਲੀ ਦੇਵਤੇ ਨੂੰ ਮਨੁੱਖ ਦੇ ਸਿਰ ਅਤੇ ਬੱਕਰੇ ਦੇ ਧੜ ਵਾਲਾ ਜਾਨਵਰ ਮੰਨਿਆ ਜਾਂਦਾ ਸੀ। ਸ਼ਾਇਦ ਲੋਕਾਂ ਨੂੰ ਇਹ ਲਗਦਾ ਸੀ ਕਿ ਮਨੁੱਖ ਅੱਧਾ ਜਾਨਵਰ ਹੋ ਸਕਦਾ ਹੈ ਪਰ ਅਸੀਂ ਜਾਣਦੇ ਹਾਂ ਅਜਿਹਾ ਮੁਮਕਿਨ ਨਹੀਂ ਹੈ, ਕਿ ਹੈ? ਵਿਕਾਸਵਾਦ ਦੀ ਸਿੱਖਿਆ ਨੂੰ ਜਿਸ ਵਿਚ ਇਹ ਮੰਨਿਆ ਜਾਂਦਾ ਹੈ ਕਿ ਮਨੁੱਖ ਬਾਂਦਰ ਵਰਗੇ ਪੂਰਵਜਾਂ ਤੋਂ ਵਿਕਸਿਤ ਹੋਇਆ ਹੈ ਭਾਵ ਮਨੁੱਖ ਜਾਨਵਰਾਂ ਤੋਂ ਥੋੜ੍ਹਾ ਉੱਪਰ ਹੈ, ਅਸੀਂ ਸਿਰੇ ਤੋਂ ਰੱਦਦੇ ਹਾਂ।

ਇਸ ਤੋਂ ਇਲਾਵਾ ਇਹ ਮੰਨਣ ਦਾ ਚੰਗਾ ਕਾਰਣ ਇਹ ਹੈ ਕਿ ਮਨੁੱਖ ਜਾਨਵਰਾਂ ਨਾਲੋਂ ਫ਼ਰਕ ਪ੍ਰਾਣੀ ਹੈ। ਮਨੁੱਖ ਨੂੰ ਜਾਨਵਰਾਂ ਨਾਲੋਂ ਵੱਖ ਖ਼ਾਸ ਇਹ ਗੱਲ ਕਰਦੀ ਹੈ ਕਿ ਉਸ ਨੂੰ ਖ਼ੁਦਾ ਦੇ ਸਰੂਪ ਉੱਤੇ ਬਣਾਇਆ ਗਿਆ ਸੀ, ਭਾਵ ਉਸ ਦਾ ਮਕਸਦ ਜਾਨਵਰਾਂ ਦੀ ਜ਼ਿੰਦਗੀ ਨਾਲੋਂ ਵੱਡਾ ਅਤੇ ਵੱਖਰਾ ਹੈ। ''ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਅਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ਼ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਣ ਜਗਤ ਵਿਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿਚ ਸਾਂਝੀ ਹੋ ਜਾਓ'' (2 ਪਤਰਸ 1:4)। ਇਸ ਜ਼ਿੰਦਗੀ ਵਿਚ ਸਾਡਾ ਮਕਸਦ ਆਪਣੇ ਮਨੁੱਖੀ ਸੁਭਾਅ ਨੂੰ ਤ੍ਰਿਪਤ ਕਰਨਾ ਨਹੀਂ ਬਲਕਿ ਖ਼ੁਦਾ ਦੇ ਸੁਭਾਅ ਦੇ ਮੁਤਾਬਿਕ ਬਣਨਾ ਭਾਵ ਖ਼ੁਦਾ ਵਰਗੇ ਬਣਨਾ ਹੈ। ਜੇ ਅਸੀਂ ਨਿਰੇ ਜਾਨਵਰ ਨਹੀਂ ਹਾਂ ਤਾਂ ਭਲਾ ਸਾਨੂੰ ਇਸ ਗੱਲ ਦੀ ਖੋਜ ਨਹੀਂ ਕਰਨੀ ਚਾਹੀਦੀ ਕਿ ਖ਼ੁਦਾ ਸਾਥੋਂ ਕੀ ਕਰਾਉਣਾ ਚਾਹੁੰਦਾ ਹੈ? ਭਲਾ ਸਾਨੂੰ ਧਾਰਮਿਕ ਨਹੀਂ ਬਣਨਾ ਚਾਹੀਦਾ?

## ਕਿਉਂਕਿ ਬਾਈਬਲ ਕੋਈ ਪਰੀ ਕਥਾ ਨਹੀਂ ਹੈ

ਬਾਈਬਲ ਪਰੀਆਂ ਦੀਆਂ ਕਹਾਣੀਆਂ, ਮਿਥਹਾਸ ਜਾਂ ਦੰਦ ਕਥਾਵਾਂ ਦਾ ਸੰਗ੍ਰਹਿ ਨਹੀਂ ਹੈ। ਬਹੁਤ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਇਹ ਅਜਿਹੀ ਹੀ ਕਿਤਾਬ ਹੈ, ਉਨ੍ਹਾਂ ਨੂੰ ਬਾਈਬਲ ਮਨੁੱਖੀ ਕੋਸ਼ਿਸ਼ ਦਾ ਨਤੀਜਾ ਲਗਦੀ ਹੈ ਜਿਸ ਵਿਚ ਥੋੜ੍ਹੀ ਸਚਿਆਈ, ਥੋੜ੍ਹਾ ਝੂਠ, ਥੋੜ੍ਹੀ ਹਕੀਕਤ, ਥੋੜ੍ਹਾ ਇਤਿਹਾਸ ਅਤੇ ਥੋੜ੍ਹਾ ਮਿਥਹਾਸ ਹੋਵੇ।

ਇਸ ਵਿਚਾਰਧਾਰਾ ਵਿਚ ਦੋ ਖਾਮੀਆਂ ਹਨ। ਇਕ ਤਾਂ ਇਹ ਕਿ ਬਾਈਬਲ ਇਸ ਨੂੰ ਨਹੀਂ ਮੰਨਦੀ

ਹੈ। 2 ਤਿਮੋਥਿਉਸ 3:16, 17 ਤੇ ਵਿਚਾਰ ਕਰੋ: ''ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿੜਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ।'' ਬਾਈਬਲ ਨੂੰ ਮੰਨਣ ਵਾਲੇ ਕਿਸੇ ਵੀ ਬੰਦੇ ਦਾ ਸਾਹਮਣਾ ਇਸ ਆਇਤ ਨਾਲ ਜ਼ਰੂਰ ਹੋਵੇਗਾ। ਇਹ ਆਇਤ ਦੱਸਦੀ ਹੈ ਕਿ ਬਾਈਬਲ ਪਰੀਆਂ ਦੀ ਕਹਾਣੀ ਵਾਲੀ ਕਿਤਾਬ ਨਹੀਂ ਹੈ। ਦੂਜਾ ਜੇ ਬਾਈਬਲ ਸਚਿਆਈ ਅਤੇ ਝੂਠ ਦੀ ਮਿਲਾਵਟ ਹੈ, ਤਾਂ ਨਿਰਵਿਵਾਦ ਸਚਿਆਈ ਦੇ ਰੂਪ ਵਿਚ ਬਾਈਬਲ ਦੇ ਕਿਸੇ ਵੀ ਭਾਗ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਫਿਰ ਤਾਂ ਉਹ ਸਚਿਆਈਆਂ ਵੀ ਜਿਨ੍ਹਾਂ ਨੂੰ ਸੱਚ ਮੰਨਿਆ ਜਾਂਦਾ ਹੈ, ਉਦਾਹਰਣ ਲਈ ਮਸੀਹ ਦਾ ਖ਼ੁਦਾਈ ਹੋਣਾ, ਵੀ ਝੂਠ ਹੀ ਹੋਣਗੀਆਂ।

ਬਾਈਬਲ ਕੋਈ ਪਰੀ ਕਥਾ ਨਹੀਂ ਹੈ ਇਸ ਕਰਕੇ ਇਸ ਨੂੰ ਪੜ੍ਹੋ ਅਤੇ ਸਮਝੋ ਅਤੇ ਇਸ ਦੀ ਗੱਲ ਨੂੰ ਮੰਨੋ। ਧਾਰਮਿਕ ਬਣਨਾ ਸ਼ੁਰੂ ਕਰੋ।

## ਕਿਉਂਕਿ ਧਰਮ ਸਿਰਫ਼ ''ਮੇਟਸ਼ਿਪ'' ਨਹੀਂ ਹੈ

''ਮੇਟਸ਼ਿਪ'' ਇਕ ਆਸਟ੍ਰੇਲੀਆਈ ਸ਼ਬਦ ਹੈ। ਆਸਟ੍ਰੇਲੀਆ ਵਿਚ ''ਮੇਟ'' ਭਾਵ ਦੋਸਤਾਂ ਨੂੰ ਬੜੀ ਅਹਿਮੀਅਤ ਦਿੱਤੀ ਜਾਂਦੀ ਹੈ, ਕਈ ਵਾਰ ਤਾਂ ਪਤਨੀ ਜਾਂ ਪਰਿਵਾਰ ਨਾਲੋਂ ਵੀ ਵੱਧ। ''ਮੇਟਸ਼ਿਪ'' ਦਾ ਮਤਲਬ ਆਪਣੇ ਦੋਸਤਾਂ ਜਾਂ ਸਾਥੀ ਦੇਸ਼ਵਾਸੀਆਂ ਦਾ ਧਿਆਨ ਰੱਖਣਾ ਹੈ, ਖ਼ਾਸ ਕਰਕੇ ਉਨ੍ਹਾਂ ਦੇ ਕਿਸੇ ਮੁਸ਼ਕਿਲ ਵਿਚ ਹੋਣ ਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਮਦਦ ਕਰਕੇ ।

ਆਸਟ੍ਰੇਲੀਆਈ ਲੋਕਾਂ ਨੂੰ ਅਸੀਂ ਦੂਜਿਆਂ ਦੀ ਮਦਦ ਲਈ ਧਨ ਦੇਣ ਵਿਚ ਬੜੇ ਰਹਿਮਦਿਲ ਮੰਨਦੇ ਹਾਂ। ਉਦਾਹਰਣ ਲਈ ਜੰਗਲ ਵਿਚ ਲੱਗੀ ਅਗ ਨਾਲ ਸੁਆਹ ਹੋਏ ਘਰਾਂ ਨੂੰ ਮੁੜ ਵਸਾਉਣ ਲਈ ਲੋਕਾਂ ਦੀ ਮਦਦ ਕਰਨਾ। ਚੰਗੀ ਗੱਲ ਹੈ। ਪਰ ਦਿੱਕਤ ਇਹ ਸੀ ਕਿ ਜ਼ਿਆਦਾਤਰ ਲੋਕਾਂ ਨੂੰ ਇਹ ਲੱਗਾ ਕਿ ਧਰਮ ਦੀ ਹੱਦ ਇੱਥੋਂ ਤਕ ਹੀ ਹੈ। ਉਨ੍ਹਾਂ ਨੂੰ ਲੱਗਾ ਕਿ ''ਜਦ ਮੈਂ ਦੂਜਿਆਂ ਦੀ ਭਲਿਆਈ ਲਈ ਕੰਮ ਕਰਦਾ ਹਾਂ ਤਾਂ ਉਹ ਯਕੀਨਨ ਹੀ ਖ਼ੁਦਾ ਦੀ ਮਰਜ਼ੀ ਦੇ ਮੁਤਾਬਿਕ ਹੈ।'' ਉਨ੍ਹਾਂ ਦਾ ਫ਼ਲਸਫ਼ਾ ਸੀ, ''ਜੇ ਮੈਂ ਦੂਜੇ ਲੋਕਾਂ ਨਾਲ ਸਹੀ ਸਲੂਕ ਕਰਾਂ ਤਾਂ ਉਹ ਚੰਗੇ ਮੇਟ ਬਣ ਜਾਣਗੇ।''

ਤੁਹਾਨੂੰ ਪਤਾ ਹੈ ਕਿ ਲੋਕਾਂ ਨੂੰ ਇਹ ਵੀ ਚੰਗਾ ਲਗਦਾ ਹੈ, ਜਾਂ ਨਹੀਂ? ਉਨ੍ਹਾਂ ਨੂੰ ਲਗਦਾ ਹੈ ਕਿ ਜੇ ਉਹ ਦਾਨ ਦੇ ਕੇ ਲੋਕਾਂ ਦੀ ਮਦਦ ਕਰਦੇ ਹਨ ਤਾਂ ਉਨ੍ਹਾਂ ਨੂੰ ਕਲੀਸੀਆ ਵਿਚ ਜਾ ਕੇ ਬੰਦਗੀ ਕਰਨ ਜਾਂ ਖ਼ੁਦਾ ਦੇ ਕਿਸੇ ਹੋਰ ਹੁਕਮ ਨੂੰ ਮੰਨਣ ਦੀ ਲੋੜ ਨਹੀਂ ਹੈ।

ਬੇਸ਼ੱਕ ਖ਼ੁਦਾ ਸਾਥੋਂ ਉਮੀਦ ਕਰਦਾ ਹੈ ਕਿ ਅਸੀਂ ਲੋਕਾਂ ਦਾ ਭਲਾ ਕਰੀਏ (ਵੇਖੋ ਮੱਤੀ 7:12)।ਪਰ ਉਹ ਐਨੀ ਹੀ ਉਮੀਦ ਨਹੀਂ ਕਰਦਾ। ਉਸ ਨੇ ਦੂਜਾ ਹੁਕਮ ''ਆਪਣੇ ਗੁਆਂਢੀ ਨਾਲ ਪ੍ਰੇਮ'' ਕਰਨ ਦਾ ਦਿੱਤਾ ਤਾਂ ਹੈ ਪਰ ਪਹਿਲਾ ਹੁਕਮ ਆਪਣੇ ਖ਼ੁਦਾ ਨਾਲ ਦਿਲੋ ਜਾਨ ਨਾਲ ਪਿਆਰ ਕਰਨ ਦਾ ਹੀ ਹੈ (ਮਰਕੁਸ 12:30, 31)। ਮਸੀਹੀ ਧਰਮ ਸਿਰਫ਼ ਦੂਜਿਆਂ ਦੀ ਮਦਦ ਕਰਨ ਤਕ ਹੀ ਸੀਮਤ ਨਹੀਂ ਹੈ। ਇਹ ਕਿਰਪਾ ਨਾਲ ਬਚਾਏ ਜਾਣਾ ਹੈ। ਸਾਡੇ ਧਰਮ ਦੀ ਮੁੱਖ ਗੱਲ ਦਾ ਵਰਣਨ ਪੌਲੁਸ ਨੇ ਇਸ ਤਰ੍ਹਾਂ ਕੀਤਾ ਹੈ: ''ਤਾਂ ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ'' (ਤੀਤੁਸ 3:5)। ਮਸੀਹੀਅਤ ਮੁਕਤੀ ਦਾ ਸੰਦੇਸ਼ ਦਿੰਦੀ ਹੈ ਅਤੇ ਮੁਕਤੀ ਸਿਰਫ਼ ਭਲਿਆਈ ਕਰਕੇ ਨਹੀਂ ਪਾਈ ਜਾ ਸਕਦੀ। ਤੁਸੀਂ ਕਿਰਪਾ ਨਾਲ ਹੀ ਬਚਾਏ ਜਾ ਸਕਦੇ ਹੋ। ਇਸ ਦਾ ਮਤਲਬ ਇਹ ਹੋਇਆ ਕਿ ਤੁਹਾਨੂੰ ਆਪਣੀ ਧਾਰਮਿਕ ਸਥਿਤੀ ਨੂੰ ਵੇਖਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਕਿ ਤੁਸੀਂ ਕਿੱਥੇ ਹੋ।

## ਕਿਉਂਕਿ ਯਿਸੂ ਸਿਰਫ਼ "ਦੀਨ ਅਤੇ ਗ਼ਰੀਬ" ਨਹੀਂ ਹੈ

ਕੁਝ ਲੋਕ ਮਸੀਹ ਵਿਚ ਵਿਸ਼ਵਾਸ ਤਾਂ ਕਰਦੇ ਹਨ, ਪਰ ਉਸ ਨੂੰ ਸਿਰਫ਼ ਦੀਨ ਅਤੇ ਗ਼ਰੀਬ ਦੇ ਰੂਪ ਵਿਚ ਹੀ ਵੇਖਦੇ ਹਨ। ਉਨ੍ਹਾਂ ਦੇ ਖ਼ਿਆਲ ਨਾਲ ਉਹ ਐਨਾ ਦਿਆਲੂ, ਕਿਰਪਾਲੂ ਅਤੇ ਪਿਆਰ ਕਰਨ ਵਾਲਾ ਹੈ ਕਿ ਉਹ ਕਿਸੇ ਨੂੰ ਸਜ਼ਾ ਦੇ ਹੀ ਨਹੀਂ ਸਕਦਾ। ਇਸ ਕਰਕੇ ਉਨ੍ਹਾਂ ਨੂੰ ਉਸ ਦੀ ਮਰਜ਼ੀ ਨੂੰ ਜਾਣਨ ਦੀ ਲੋੜ ਨਹੀਂ ਲਗਦੀ। ਉਨ੍ਹਾਂ ਨੂੰ ਲਗਦਾ ਹੈ ਕਿ ਜੇ ਉਹ ਉਸ ਦੀ ਮਰਜ਼ੀ ਪੂਰੀ ਨਹੀਂ ਕਰਦੇ ਤਾਂ ਉਹ ਉਨ੍ਹਾਂ ਨੂੰ ਸਜ਼ਾ ਨਹੀਂ ਦੇਵੇਗਾ।

ਬੇਸ਼ੱਕ ਯਿਸੂ ਸਚਮੁਚ ''ਦੀਨ ਅਤੇ ਗ਼ਰੀਬ'' ਹੈ, ਪਰ ਉਸਦੇ ਸੁਭਾਅ ਦਾ ਦੂਜਾ ਪਹਿਲੂ ਵੀ ਹੈ ਜਿਸ ਨੂੰ ਕਿਸੇ ਨੇ ਯਿਸੂ ਦਾ ''ਕਹਿਰ ਵਾਲਾ ਚੜ੍ਹਦਾ ਪਾਸਾ'' ਆਖਿਆ ਹੈ। ਉਦਾਹਰਣ ਲਈ ਯੂਹੰਨਾ 8:24 ਤੇ ਵਿਚਾਰ ਕਰੋ: ''ਇਸ ਲਈ ਮੈਂ ਤੁਹਾਨੂੰ ਆਖਿਆ ਜੋ ਤੁਸੀਂ ਆਪਣੇ ਪਾਪਾਂ ਵਿਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ।'' ਯਿਸੂ ਇਸ ਗੱਲ ਨੂੰ ਮੰਨਦਾ ਸੀ ਕਿ ਪਾਪ ਹੈ। ਇਸ ਤੋਂ ਇਲਾਵਾ ਯਿਸੂ ਸ਼ਜਾ ਵਿਚ, ਭਾਵ ਪਾਪ ਦੇ ਫ਼ਲ ਦੇ ਰੂਪ ਵਿਚ ਮੌਤ ਵਿਚ ਯਕੀਨ ਰੱਖਦਾ ਸੀ। ਉਸ ਨੇ ਕਿਹਾ ਕਿ ਕੁਝ ਲੋਕ ਸਜ਼ਾ ਪਾਉਣਗੇ। ਯਿਸੂ ਸ਼ਰਤਾਂ ਠਹਿਰਾਉਣ ਵਿਚ ਵੀ ਯਕੀਨ ਰੱਖਦਾ ਸੀ ਕਿ ਉਨ੍ਹਾਂ ਨੂੰ ਪੂਰਾ ਨਾ ਕਰਨ ਤੇ ਸਜ਼ਾ ਮਿਲੇਗੀ। ਯਿਸੂ ਨੇ ਇਹ ਵੀ ਕਿਹਾ ਕਿ ਗੁਆਚੇ ਹੋਏ ਤੋਂ ਬਚਾਏ ਹੋਏ ਬਣਨ ਲਈ ਖ਼ੁਦਾ ਦਾ ਹੁਕਮ ਮੰਨਣਾ ਜ਼ਰੂਰੀ ਹੈ (ਵੇਖੋ ਮੱਤੀ 7:21)। ਫਿਰ ਜੇ ਯਿਸੂ ਸਜ਼ਾ ਦੇ ਸਕਦਾ ਹੈ ਅਤੇ ਦਏਗਾ ਵੀ, ਤਾਂ ਮੈਨੂੰ ਉਸ ਦੀ ਇੱਛਾ ਨੂੰ ਪੂਰਾ ਕਰਨਾ ਚਾਹੀਦਾ ਹੈ, ਕਿਉਂਕਿ ਧਾਰਮਿਕ ਹੋਣ ਤੋਂ ਮੇਰਾ ਇਹੀ ਭਾਵ ਹੈ।

## ਕਿਉਂਕਿ ਵਿਸ਼ਵਾਸ ਕੋਈ ਜਾਦੂ ਦੀ ਪੁੜੀ ਨਹੀਂ ਹੈ

ਇਕ ਮਸ਼ਹੂਰ ਸਿੱਖਿਆ ਹੈ ਕਿ ਜੇ ਤੁਸੀਂ ਯਿਸੂ ਵਿਚ ਵਿਸ਼ਵਾਸ ਕਰੋ ਤਾਂ ਸਾਰੇ ਦੁੱਖ ਕੱਟੇ ਜਾਣਗੇ। ਬਚਾਏ ਜਾਣ ਲਈ ਤੁਹਾਨੂੰ ਸਿਰਫ਼ ਯਿਸੂ ਤੇ ਵਿਸ਼ਵਾਸ ਕਰਨ ਦੀ ਲੋੜ ਹੈ। ਬਸ ਇਹੀ ਮੰਨ ਲਓ ਕਿ ਯਿਸੂ ਪ੍ਰਭੂ ਹੈ, ਉਸ ਦੇ ਖ਼ੁਦਾ ਹੋਣ ਨੂੰ ਮੰਨ ਲਓ ਤਾਂ ਤੁਸੀਂ ਬਚਾਏ ਜਾਓਗੇ, ਭਾਵੇਂ ਤੁਸੀਂ ਉਸ ਦੀ ਮਰਜ਼ੀ ਪੂਰੀ ਕਰੋ ਜਾਂ ਨਾ।

ਨਿਰ੍ਹੇ ਵਿਸ਼ਵਾਸ ਕਰਨ ਨਾਲ ਕੋਈ ਬਚਾਇਆ ਨਹੀਂ ਜਾਵੇਗਾ (ਯਾਕੂਬ 2:24)। ਵਿਸ਼ਵਾਸ ਹੋਣਾ ਜ਼ਰੂਰੀ ਹੈ (ਯੂਹੰਨਾ 3:16)। ਪਰ ਬਚਾਏ ਜਾਣ ਲਈ ਜਿਸ ਵਿਸ਼ਵਾਸ ਦੀ ਲੋੜ ਹੈ ਉਹ ਪ੍ਰੇਮ ਦੇ ਰਾਹੀਂ ਕੰਮ ਕਰਦਾ ਹੈ (ਗਲਾਤੀਆਂ 5:6)। ਤੁਸੀਂ ਉਸੇ ਪਲ ਨਹੀਂ ਬਚਾਏ ਜਾਂਦੇ ਜਦ ਤੁਸੀਂ ਯਿਸੂ ਨੂੰ ਖ਼ੁਦਾ ਦਾ ਬੇਟਾ ਮੰਨ ਕੇ ਉਸ ਤੇ ਵਿਸ਼ਵਾਸ ਕਰਨ ਲਗਦੇ ਹੋ। ਇਸ ਹਕੀਕਤ ਤੇ ਵਿਸ਼ਵਾਸ ਕਰਕੇ ਤੁਹਾਨੂੰ ਆਪਣੇ ਵਿਸ਼ਵਾਸ ਨੂੰ ਉਸ ਦੀ ਮਰਜ਼ੀ ਪੂਰੀ ਕਰਨ ਲਈ ਲਾਉਣਾ ਪਵੇਗਾ। ਤੁਸੀਂ ਉਦੋਂ ਹੀ ਬਚਾਏ ਜਾਂਦੇ ਹੋ ਜਦ ਤੁਸੀਂ ਵਿਸ਼ਵਾਸ ਨਾਲ, ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਦੇ ਹੋ, ਉਸ ਤੋਂ ਪਹਿਲਾਂ ਨਹੀਂ। ਰਸੂਲਾਂ ਦੇ ਕੰਮ 2 ਅਧਿਆਇ ਵਿਚ, ਕੁਝ ਲੋਕਾਂ ਨੇ ਮਸੀਹ ਬਾਰੇ ਪਤਰਸ ਦੇ ਸੰਦੇਸ਼ ਤੇ ਵਿਸ਼ਵਾਸ ਕੀਤਾ ਸੀ। ਇਸੇ ਕਰਕੇ ਉਨ੍ਹਾਂ ਨੇ ਪੁੱਛਿਆ ਸੀ ਕਿ ''ਅਸੀਂ ਕੀ ਕਰੀਏ?'' ਪਤਰਸ ਨੇ ਇਨ੍ਹਾਂ ਯਹੂਦੀਆਂ ਨੂੰ ਇਹ ਨਹੀਂ ਕਿਹਾ ਸੀ ਕਿ ਜੋ ਕਰਨਾ ਜ਼ਰੂਰੀ ਸੀ ਉਹ ਤਾਂ ਉਨ੍ਹਾਂ ਨੇ ਕਰ ਲਿਆ ਹੈ, ਇਸ ਕਰਕੇ ਹੁਣ ਉਹ ਬਚਾਏ ਗਏ ਹਨ। ਉਸ ਨੇ ਵਿਸ਼ਵਾਸ ਕਰਨ ਵਾਲੇ ਇਨ੍ਹਾਂ ਲੋਕਾਂ ਨੂੰ ਆਖਿਆ ਸੀ, ''ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)। ਉਨ੍ਹਾਂ ਲਈ ਸਿਰਫ਼ ਵਿਸ਼ਵਾਸ ਕਰਨਾ ਹੀ ਕਾਫ਼ੀ ਨਹੀਂ ਸੀ ਬਲਕਿ ਤੌਬਾ ਕਰਨਾ ਅਤੇ ਬਪਤਿਸਮਾ ਲੈਣਾ ਵੀ ਜ਼ਰੂਰੀ ਸੀ। ਕਿਉਂਕਿ ਸਾਨੂੰ ਉਸ ਦਾ ਹੁਕਮ ਮੰਨਣਾ ਵੀ ਜ਼ਰੂਰੀ ਹੈ, ਇਸ ਕਰਕੇ ਧਾਰਮਿਕ ਹੋਣ ਦਾ ਇਕ ਚੰਗਾ ਕਾਰਣ ਹੈ।

## ਕਿਉਂਕਿ ਖ਼ੁਦਾ ਕਰਿਸਮਸ ਫ਼ਾਦਰ ਜਾਂ ਸੈਂਟਾਕਲਾਜ਼ ਨਹੀਂ ਹੈ

ਕੁਝ ਲੋਕ ਇਸ ਪਰਤਾਵੇ ਵਿਚ ਆ ਜਾਂਦੇ ਹਨ ਕਿ ਖ਼ੁਦਾ ਚਿੱਟੀ ਦਾੜ੍ਹੀ ਮੁੱਛਾਂ ਵਾਲਾ ਇਕ ਕਾਲਪਨਿਕ ਸਾਊ ਸੈਂਟਾ ਕਲਾਜ਼ ਵਰਗਾ ਹੀ ਹੋਵੇਗਾ, ਜਿਹਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਕ੍ਰਿਸਮਸ ਦੇ ਮੌਕੇ ਤੇ ਲੋਕਾਂ ਲਈ ਤੋਹਫ਼ੇ ਛੱਡ ਜਾਂਦਾ ਸੀ। ਅਸੀਂ ਸਭ ਜਾਣਦੇ ਹਾਂ ਕਿ ਲੋਕ ਕਹਿੰਦੇ ਤਾਂ ਹਨ ਕਿ ਸੈਂਟਾ ਕਲਾਜ਼ ਸਿਰਫ਼ ਚੰਗੇ ਬੱਚਿਆਂ ਲਈ ਹੀ ਤੋਹਫ਼ੇ ਲਿਆਉਂਦਾ ਸੀ, ਪਰ ਉਹ ਸਾਡੇ ਕਿਸੇ ਵੀ ਮੁੰਡੇ ਜਾਂ ਕੁੜੀ ਨੂੰ ਤੋਹਫ਼ਾ ਦਿੱਤੇ ਬਗੈਰ ਨਹੀਂ ਛੱਡਦਾ, ਭਾਵੇਂ ਉਹ ਸਾਲ ਭਰ ਕਿੰਨੇ ਵੀ ਸ਼ਰਾਰਤੀ ਰਹੇ ਹੋਣ। ਸੈਂਟਾ ਕਿਸੇ ਵੀ ਬੱਚੇ ਨੂੰ ਚੰਗਾ ਬਣਨ ਲਈ ਨਹੀਂ ਕਹਿੰਦਾ। ਸੈਂਟਾ ਬੱਚਿਆਂ ਦੀਆਂ ਸ਼ਰਾਰਤਾਂ ਨੂੰ ਨਜ਼ਰਅੰਦਾਜ਼ ਕਰਕੇ ਕ੍ਰਿਸਮਸ ਦੌਰਾਨ ਉਨ੍ਹਾਂ ਨੂੰ ਖਿਡਾਉਣੇ ਦੇ ਹੀ ਦਿੰਦਾ ਹੈ।

ਕੀ ਤੁਹਾਨੂੰ ਲਗਦਾ ਹੈ ਕਿ ਖ਼ੁਦਾ ਵੀ ਅਜਿਹਾ ਹੀ ਹੈ? ਅਸੀਂ ਜਾਣਦੇ ਹਾਂ ਕਿ ਖ਼ੁਦਾ ਉਨ੍ਹਾਂ ਨੂੰ ਹੀ ਇਨਾਮ ਦਏਗਾ ਜਿਨ੍ਹਾਂ ਦੀ ਜ਼ਿੰਦਗੀ ਚੰਗੀ ਹੈ। ਪਰ ਕਿਸੇ ਨਾ ਕਿਸੇ ਤਰ੍ਹਾਂ ਸਾਨੂੰ ਲਗਦਾ ਹੈ ਕਿ ਉਹ ਸਭ ਦੇ ਲਈ ਤੋਹਫ਼ਾ ਦੇਣ ਦਾ ਰਾਹ ਕੱਢ ਹੀ ਲਵੇਗਾ, ਉਹ ਭਾਵੇ ਜ਼ਿੰਦਗੀ ਵਿਚ ਕਿੰਨਾ ਵੀ ਚੰਗਾ ਜਾਂ ਬੁਰਾ ਕਿਉਂ ਨਾ ਰਿਹਾ ਹੋਵੇ। ਇਕ ਕਹਾਵਤ ਹੈ: ''ਜੰਗ ਦੇ ਮੋਰਚਿਆਂ ਵਿਚ ਕੋਈ ਨਾਸਤਕ ਨਹੀਂ ਹੁੰਦਾ।'' ਪ੍ਰਚਾਰਕ ਅਤੇ ਰਿਸ਼ਤੇਦਾਰਾਂ ਦੀ ਗੱਲ ਮੰਨ ਕੇ ਅਸੀਂ ਕਹਿ ਸਕਦੇ ਹਾਂ, ''ਕਫ਼ਨ ਵਿਚ ਪਿਆ ਕੋਈ ਬਦ ਨਹੀਂ ਹੁੰਦਾ।'' ਜ਼ਿੰਦਾ ਰਹਿੰਦਿਆਂ ਕੋਈ ਭਾਵੇਂ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ ਸਾਨੂੰ ਇਹੀ ਲਗਦਾ ਹੈ ਕਿ ਖ਼ੁਦਾ ਮੌਤ ਦੇ ਬਾਅਦ ਉਸ ਨੂੰ ਮਾਫ਼ ਕਰਕੇ ਸੁਰਗ ਵਿਚ ਥਾਂ ਦੇ ਹੀ ਦਏਗਾ। ਅਸੀਂ ਖ਼ੁਦਾ ਨੂੰ ਇਕ ਸਾਊ ਆਦਮੀ ਭਾਵ ਅਜਿਹੇ ਦਾਦੇ ਦੇ ਰੂਪ ਵਿਚ ਵੇਖਦੇ ਹਾਂ ਜੋ ਇਹੀ ਕਹਿੰਦਾ ਹੈ, ਅੱਛਾ ਬਹੁਤੀ ਜ਼ਿੱਦ ਕਰਦੇ ਹੋ ਤਾਂ ਜਾਓ ਆਪਣੀ ਮਰਜ਼ੀ ਕਰੋ; ਵੇਖੀ ਜਾਊ, ਮੈਂ ਆਪੇ ਸੰਭਾਲ ਲਵਾਂਗਾ।

ਖ਼ੁਦਾ ਅਜਿਹਾ ਨਹੀਂ ਹੈ। ਖ਼ੁਦਾ ਭਲਾ ਅਤੇ ਪਿਆਰ ਕਰਨ ਵਾਲਾ ਹੈ। ਬਲਕਿ ਉਹ ਨਾਲੋਂ ਵੀ ਵੱਧ ਹੈ ਕਿਉਂਕਿ ਖ਼ੁਦਾ ਧਰਮੀ ਹੈ! ਅਤੇ ਉਸ ਦੇ ਨਿਆਂ ਦੀ ਇਹ ਮੰਗ ਹੈ ਕਿ ਕਦੇ ਕਦੇ ਉਹ ਕਿਰਪਾ ਕਰਨ ਵਾਲਾ ਅਤੇ ਮਾਫ਼ ਕਰਨ ਵਾਲਾ ਹੋਣ ਦੇ ਨਾਲ ਨਾਲ ਸਖ਼ਤ ਅਤੇ ਸਜ਼ਾ ਦੇਣ ਵਾਲਾ ਵੀ ਹੋਵੇਗਾ। ਬਾਈਬਲ ''ਪਰਮੇਸ਼ੁਰ ਦੀ ਦਿਆਲਗੀ ਅਤੇ ਕਰੜਾਈ'' ਦੀ ਗੱਲ ਕਰਦੀ ਹੈ (ਰੋਮੀਆਂ 11:22)। ਇਹ ਕਹਿੰਦੀ ਹੈ, ''ਜੀਉਂਦੇ ਪਰਮੇਸ਼ੁਰ ਦੇ ਹੱਥ ਵਿਚ ਪੈਣਾ ਭਿਆਣਕ ਗੱਲ ਹੈ!'' (ਇਬਰਾਨੀਆਂ 10:31)। ਅਜਿਹਾ ਨਹੀਂ ਹੈ ਕਿ ਤੁਸੀਂ ਆਪਣੀ ਮਰਜੀ ਨਾਲ ਕੁਝ ਵੀ ਕਰੋ ਅਤੇ ਉਸ ਦਾ ਫ਼ਲ ਨਾ ਭੋਗੋ। ਕਿਉਂਕਿ ਖ਼ੁਦਾ ਤਾਂ ਖ਼ੁਦਾ ਹੀ ਹੈ। ਜਿਵੇਂ ਉਸ ਨੂੰ ਹੋਣਾ ਚਾਹੀਦਾ ਹੈ ਅਤੇ ਤੌਬਾ ਨਾ ਕਰਨ ਵਾਲੇ ਮਾਫ਼ੀ ਨਾ ਪਾਉਣ ਵਾਲੇ ਪਾਪੀਆਂ ਨੂੰ ਸਜ਼ਾ ਜ਼ਰੂਰ ਦਏਗਾ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਧਾਰਮਿਕ ਬਣੀਏ।

## ਕਿਉਂਕਿ ਮੌਤ ਦਾ ਮਤਲਬ ਮੁੱਕ ਜਾਣਾ ਨਹੀਂ ਹੈ

ਬਹੁਤ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਮਨੁੱਖ ਬੁੱਢੇ ਕੁੱਤੇ ਵਾਂਗ ਹੈ ਜਿਸ ਦੇ ਮਰ ਜਾਣ ਦੇ ਬਾਅਦ ਸਭ ਕੁਝ ਮੁੱਕ ਜਾਂਦਾ ਹੈ। ਜੇ ਇਹ ਸੱਚ ਹੁੰਦਾ ਤਾਂ ਧਾਰਮਿਕ ਹੋਣ ਦੀ ਕੋਈ ਲੋੜ ਹੀ ਨਹੀਂ ਹੈ। ਅਸੀਂ ਜ਼ਿੰਦਗੀ ਦਾ ਅਨੰਦ ਜਿਵੇਂ ਮਰਜ਼ੀ ਲੈ ਸਕਦੇ ਹਾਂ ਕਿਉਂਕਿ ਮਰਨ ਦੇ ਬਾਅਦ ਤਾਂ ਸਭ ਕੁਝ ਖ਼ਤਮ ਹੋ ਜਾਵੇਗਾ ਅਤੇ ਕਿਸੇ ਨੂੰ ਕੋਈ ਹਿਸਾਬ ਨਹੀਂ ਦੇਣਾ ਪਵੇਗਾ। ਉਨ੍ਹਾਂ ਦਾ ਮੰਨਣਾ ਹੈ ਕਿ ਖ਼ੁਦਾ ਦੀ ਇੱਛਾ ਬਾਰੇ ਫ਼ਿਕਰਮੰਦ ਹੋਣ ਦਾ ਕੋਈ ਕਾਰਣ ਨਹੀਂ ਹੈ। ਪਰ ਮੌਤ ਹੋਣ ਨਾਲ ਸਾਡਾ ਵਜੂਦ ਮਿਟ ਨਹੀਂ ਜਾਂਦਾ।

ਕਬਰ ਜਾਂ ਜਿਸਮਾਨੀ ਮੌਤ ਦੇ ਬਾਅਦ ਵੀ ਅਸੀਂ ਜ਼ਿੰਦਾ ਰਹਿੰਦੇ ਹਾਂ। ਬਾਈਬਲ ਦੱਸਦੀ ਹੈ ਕਿ ''ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ ਤਿਵੇਂ ਮਸੀਹ ਭੀ ਬਾਹਲਿਆਂ ਦੇ ਪਾਪਾਂ ਨੂੰ ਚੁੱਕਣ ਲਈ ਇੱਕੋ ਹੀ ਵਾਰ ਚੜ੍ਹਾਇਆ ਗਿਆ ਅਤੇ ਉਨ੍ਹਾਂ ਉੱਤੇ ਜਿਹੜੇ ਉਹ ਨੂੰ ਉਡੀਕਦੇ ਹਨ ਪਾਪ ਦੇ ਕੰਮ ਤੋਂ ਅੱਡ ਹੋ ਕੇ ਮੁਕਤੀ ਲਈ ਦੂਈ ਵਾਰ ਪਰਗਟ

ਹੋਵੇਗਾ'' (ਇਬਰਾਨੀਆਂ 9:27)। ਮੌਤ ਦੇ ਬਾਅਦ ਨਿਆਂ ਹੋਵੇਗਾ, ਜਿਸ ਵਿਚ ਸਾਨੂੰ ਸਭ ਨੂੰ ਦੇਹ ਵਿਚ ਰਹਿੰਦਿਆਂ ਕੀਤੇ ਆਪਣੇ ਸਾਰੇ ਕੰਮਾਂ ਦਾ ਲੇਖਾ ਜੋਖਾ ਦੇਣ ਲਈ ਖ਼ੁਦਾ ਦੇ ਸਾਮਹਣੇ ਪੇਸ਼ ਹੋਣਾ ਪਵੇਗਾ। ਜਿੱਥੇ ਸਾਡਾ ਨਿਆਂ ਹੋਵੇਗਾ। ਅਨਾਦੀ ਕਾਲ ਦਾ ਸਮਾਂ ਅਸੀਂ ਜਾਂ ਤਾਂ ਸੁਰਗ ਵਿਚ ਕੱਟਾਂਗੇ ਜਾਂ ਫਿਰ ਨਰਕ ਵਿਚ। ਭਲਾ ਖ਼ੁਦਾ ਦੀ ਮਰਜ਼ੀ ਭਾਵ ਸਾਡੇ ਲਈ ਧਾਰਮਿਕ ਬਣਨਾ ਸ਼ੁਰੂ ਕਰਨ ਲਈ ਐਨਾ ਤਰਕ ਕਾਫ਼ੀ ਨਹੀਂ ਹੈ?

## ਕਿਉਂਕਿ ਤੁਸੀਂ ਸੁਪਰਮੈਨ ਵਾਂਗ ਨਹੀਂ ਹੋ

ਅਜਿਹੇ ਆਦਮੀ ਤੇ ਵਿਚਾਰ ਕਰੋ ਜਿਸ ਨੂੰ ਪਤਾ ਹੈ ਕਿ ਉਹ ਗੁਆਚਿਆ ਹੋਇਆ ਹੈ ਅਤੇ ਉਸ ਨੂੰ ਪਤਾ ਹੈ ਕਿ ਬਚਾਏ ਜਾਣ ਲਈ ਕੀ ਕਰਨਾ ਹੈ। ਪਰ ਉਹ ਭਵਿੱਖ ਵਿਚ ਕਿਸੇ ਦਿਨ ਇਹ ਕੰਮ ਕਰਨ ਦੀ ਯੋਜਨਾ ਬਣਾਉਂਦਾ ਹੈ। ਉਹ ਕਹਿੰਦਾ ਹੈ, ''ਅਗਲੇ ਹਫ਼ਤੇ, ਜਾਂ ਅਗਲੇ ਮਹੀਨੇ ਜਾਂ ਅਗਲੇ ਸਾਲ ਕਰਾਂਗਾ।'' ਫਿਰ ਮੈਂ ਮਸੀਹ ਕੋਲ ਆ ਕੇ ਖ਼ੁਦਾ ਦੀ ਸੇਵਾ ਕਰਨ ਲੱਗਾਂਗਾ। ਤਦ ਮੈਂ ਧਾਰਮਿਕ ਬਣ ਜਾਵਾਂਗਾ। ਲਗਦਾ ਹੈ ਕਿ ਉਹ ਆਪਣੇ ਆਪ ਨੂੰ ਸੁਪਰਮੈਨ ਸਮਝਦਾ ਹੈ ਜਿਸ ਦਾ ਆਪਣੀ ਜ਼ਿੰਦਗੀ ਅਤੇ ਹਾਲਾਤ ਉੱਤੇ ਪੂਰਾ ਵੱਸ ਹੈ। ਉਸ ਨੂੰ ਲਗਦਾ ਹੈ ਕਿ ਵਕਤ, ਜ਼ਿੰਦਗੀ, ਬਿਮਾਰੀ, ਅਤੇ ਮੌਤ ਉਹਦੇ ਹੱਥ ਵਿਚ ਹਨ। ਉਸ ਨੂੰ ਕਿਸੇ ਵੀ ਗੱਲ ਦੀ ਪਰਵਾਹ ਨਹੀਂ ਹੈ। ਖ਼ਤਰਨਾਕ ਬੀਮਾਰੀ ਦੀ? ਨਹੀਂ ਉਹ ਬੀਮਾਰ ਨਹੀਂ ਹੋਵੇਗਾ। ਕਿਸੇ ਦੁਰਘਟਨਾ ਦੀ? ਨਹੀਂ। ਉਹ ਇਸ ਗੱਲ ਦੀ ਗਰੰਟੀ ਦੇ ਸਕਦਾ ਹੈ ਕਿ ਉਸ ਦੀ ਕਦੇ ਦੁਰਘਟਨਾ ਨਹੀਂ ਹੋਵੇਗੀ। ਕਿਸੇ ਦੁਖਾਂਤ ਦੀ? ਨਹੀਂ ਅਜਿਹੀ ਕੋਈ ਗੱਲ ਨਹੀਂ ਹੋਵੇਗੀ; ਇਕ ਝਟਕੇ ਨਾਲ ਉਹ ਦੁਖਾਂਤ ਨੂੰ ਦੂਰ ਕਰ ਦਿੰਦਾ ਹੈ। ਵਕਤ ਤੋਂ ਪਹਿਲਾਂ ਜਾਂ ਬੇਵਕਤ ਮੌਤ ਦੀ? ਬੇਸ਼ੱਕ ਉਸ ਨੂੰ ਇਸ ਦਾ ਕੋਈ ਡਰ ਨਹੀਂ ਹੈ। ਆਖ਼ਰ ਉਸ ਨੂੰ ਪੂਰਾ ਇਲਮ ਹੈ ਕਿ ਉਹ ਆਪਣੀ ਪਸੰਦ ਦੇ ਸਭ ਚੰਗੇ ਕੰਮ ਕਰਨ ਲਈ ਜਿਵੇਂ ਕਿ ਮਸੀਹੀ ਬਣਨਾ, ਲੰਮੀ ਉਮਰ ਭੋਗੇਗਾ।

ਮੇਰੇ ਦੋਸਤ, ਜੇ ਤੁਸੀਂ ਇਸ ਤਰ੍ਹਾ ਸੋਚ ਰਹੇ ਹੋ, ਤਾਂ ਤੁਸੀਂ ਆਪਣੇ ਆਪ ਨੂੰ ਬੇਵਕੂਫ਼ ਬਣਾ ਰਹੇ ਹੋ। ਯਾਕੂਬ ਕਹਿੰਦਾ ਹੈ, ''ਭਾਵੇਂ ਤੁਸੀਂ ਜਾਣਦੇ ਹੀ ਨਹੀਂ ਜੋ ਭਲਕੇ ਕੀ ਹੋਵੇਗਾ! ਤੁਹਾਡੀ ਜਿੰਦ ਹੈ ਹੀ ਕੀ? ਕਿਉਂ ਜੋ ਤੁਸੀਂ ਤਾਂ ਭਾਫ਼ ਹੋ ਜਿਹੜੀ ਥੋੜ੍ਹਾ ਕੁ ਚਿਰ ਦਿੱਸਦੀ ਹੈ, ਫਿਰ ਅਲੋਪ ਹੋ ਜਾਂਦੀ ਹੈ'' (ਯਾਕੂਬ 4:14)। ਮਨੁੱਖ ਸੁਪਰਮੈਨ ਨਹੀਂ ਹੈ। ਕੋਈ ਵੀ ਇਸ ਗੱਲ ਦੀ ਗਾਰੰਟੀ ਨਹੀਂ ਦੇ ਸਕਦਾ ਕਿ ਬੀਮਾਰੀ, ਦੁਰਘਟਨਾ, ਦੁਖਾਂਤ, ਜਾਂ ਬੇਵਕਤ ਮੌਤ ਉਸ ਦੀਆਂ ਇਛਾਵਾਂ ਨੂੰ ਪੂਰਾ ਕਰਨ ਦੀ ਰੁਕਾਵਟ ਨਹੀਂ ਬਣਨਗੇ। ਤੁਸੀਂ ਸੁਪਰਮੈਨ ਨਹੀਂ ਹੋ। ਮਸੀਹ ਦੇ ਵਾਪਸ ਆਉਣ ਦੀ ਉਡੀਕ ਕਰਨ ਦਾ ਸਮਾਂ ਤੁਹਾਡੇ ਕੋਲ ਸਿਰਫ਼ ਅੱਜ ਹੈ। ਮਸੀਹ ਨੂੰ ਉਸ ਦੇ ਆਉਣ ਤੋਂ ਪਹਿਲਾਂ ਹੀ ਕਬੂਲ ਕਰ ਲਓ ਅਤੇ ਅੱਜ ਹੀ ਧਾਰਮਿਕ ਬਣ ਜਾਓ।

## ਕਿਉਂਕਿ ਮਨੁੱਖ ਨੂੰ ਧਾਰਮਿਕ ਬਣਨ ਤੋਂ ਰੋਕਿਆ ਨਹੀਂ ਜਾ ਸਕਦਾ

ਮਨੁੱਖ ਧਾਰਮਿਕ ਬਣੇ ਬਗ਼ੈਰ ਰਹਿ ਨਹੀਂ ਸਕਦਾ। ਇਸ ਦਾ ਮਤਲਬ ਇਹ ਹੈ ਕਿ ਇਕ ਅਰਥ ਵਿਚ ਤੁਹਾਨੂੰ ਧਾਰਮਿਕ ਬਣਨ ਦੀ ਬੇਨਤੀ ਕਰਨਾ ਬੇਕਾਰ ਹੈ। ਕਿਉਂਕਿ ਤੁਸੀਂ ਤਾਂ ਪਹਿਲਾਂ ਹੀ ਧਾਰਮਿਕ ਹੋ।

ਇਸ ਨੂੰ ਰੋਮੀਆਂ 1 ਅਧਿਆਇ ਰਾਹੀਂ ਸਮਝਾਇਆ ਜਾ ਸਕਦਾ ਹੈ ਜਿੱਥੇ ਪੌਲੁਸ ਕੁਝ ਲੋਕਾਂ ਦੀ ਗੱਲ ਕਰਦਾ ਹੈ ਜਿਹੜੇ ਸਭ ਤੋਂ ਭੈੜੇ ਪਾਪ ਕਰਨ ਵਿਚ ਲੱਗੇ ਹੋਏ ਸਨ। ਉਨ੍ਹਾਂ ਨੇ ਖ਼ੁਦਾ ਨੂੰ ਭੁਲਾ ਦਿੱਤਾ ਸੀ, ਜਿਸ ਕਰਕੇ ਖ਼ੁਦਾ ਨੇ ਵੀ ਉਨ੍ਹਾਂ ਨੂੰ ਛੱਡ ਦਿੱਤਾ। ਉਹ ਕਤਲ ਕਰਨ ਵਾਲੇ, ਬੁਰਿਆਈ ਕਰਨ ਵਾਲੇ, ਹਵਾਬਾਜ਼, ਸਮਲਿੰਗੀ, ਅਤੇ ਖ਼ੁਦਾ ਤੋਂ ਨਫ਼ਰਤ ਕਰਨ ਵਾਲੇ ਬਣ ਗਏ ਸਨ। ਇਸ ਕਰਕੇ ਕੀ ਅਸੀਂ ਇਹ ਨਿਚੋੜ ਕੱਢ ਲਏ ਕਿ ਉਹ ਧਾਰਮਿਕ ਨਹੀਂ ਸਨ? ਰੋਮੀਆਂ 1:25 ਵਿਚ ਪੌਲੁਸ ਦੀ ਗੱਲ ਤੇ ਧਿਆਨ ਦਿਓ: ''ਉਨ੍ਹਾਂ ਨੇ ਪਰਮੇਸ਼ੁਰ ਦੀ ਸਚਿਆਈ ਨੂੰ ਝੂਠ ਨਾਲ ਵਟਾ ਦਿੱਤਾ ਅਤੇ

ਰਚਣਹਾਰਾ ਜਿਹੜਾ ਯੁੱਗ ਯੁੱਗ ਧੰਨ ਹੈ, ਆਮੀਨ, ਨੂੰ ਛੱਡ ਕੇ ਸਰਿਸ਼ਟੀ ਦੀ ਪੂਜਾ ਅਤੇ ਉਪਾਸਨਾ ਕੀਤੀ।'' ਪਾਪ ਦੇ ਕਸੂਰਵਾਰ ਹੋਣ ਦੇ ਬਾਵਜੂਦ ਉਹ ਕਿਸੇ ਨਾ ਕਿਸੇ ਦੀ ਉਪਾਸਨਾ ਜਾਂ ਪੂਜਾ ਕਰ ਰਹੇ ਸਨ! ਬੇਸ਼ੱਕ ਉਹ ਗਲਤ ਚੀਜ਼ ਦੀ ਭਾਵ ਰਚਣਹਾਰੇ ਦੀ ਥਾਂ ਉਸ ਦੀ ਰਚਨਾਂ ਦੀ ਹੀ ਪੂਜਾ ਕਰੀ ਜਾ ਰਹੇ ਸਨ। ਮੇਰਾ ਮੰਨਣਾ ਹੈ ਕਿ ਹਰ ਮਨੁੱਖ ਕਿਸੇ ਨਾ ਕਿਸੇ ਦੀ ਉਪਾਸਨਾ ਜ਼ਰੂਰ ਕਰਦਾ ਹੈ! ਕਹਿਣ ਤੋਂ ਭਾਵ ਕਿ ਉਹ ਰਚਣਹਾਰੇ ਦੀ ਨਹੀਂ ਤਾਂ ਰਚਨਾ ਦੀ ਉਪਾਸਨਾ ਤਾਂ ਜ਼ਰੂਰ ਕਰਦਾ ਹੈ।

ਵਰਤਮਾਨ ਵਿਚ ਲੋਕ ਵੱਖੋ ਵੱਖ ਚੀਜ਼ਾਂ ਦੀ ਉਪਾਸਨਾ ਕਰਦੇ ਸਨ। ਕੁਝ ਲੋਕ ਮਾਇਆ ਦੀ ਪੂਜਾ ਕਰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਮਾਇਆ ਉਨ੍ਹਾਂ ਨੂੰ ਖੁਸ਼ੀ ਦੇ ਸਕਦਾ ਹੈ, ਇਸ ਕਰਕੇ ਉਹ ਸਰਵਸ਼ਕਤੀਮਾਨ ਮਾਇਆ ਦੀ ਸੇਵਾ ਵਿਚ ਹੀ ਆਪਣੀ ਜ਼ਿੰਦਗੀ ਕੱਟ ਦਿੰਦੇ ਹਨ। ਦੂਜੇ ਲੋਕ ਭੋਗ-ਵਿਲਾਸ ਦੀ ਪੂਜਾ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਦਿਲਚਸਪੀ ਸਿਰਫ਼ ਮਜ਼ੇ ਕਰਨ ਵਿਚ ਹੈ। ਕੁਝ ਲੋਕ ਵਿਗਿਆਨ ਦੀ ਪੂਜਾ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਸਵਾਲ ਦਾ ਜਵਾਬ ਵਿਗਿਆਨ ਵਿਚ ਨਜ਼ਰ ਆਉਂਦਾ ਹੈ। ਐਨਾ ਤਕਨੀਕੀ ਵਿਕਾਸ ਜੇ ਅਸੀਂ ਵਿਗਿਆਨ ਨਾਲ ਪਾ ਸਕਦੇ ਤਾਂ ਧਰਤੀ ਉੱਤੇ ਸੁਰਗ ਨੂੰ ਵੀ ਲਿਆ ਸਕਦੇ ਸਾਂ। ਕੁਝ ਲੋਕ ਤਾਂ ਪਾਪ ਦੀ ਪੂਜਾ ਕਰਦੇ ਸਨ। ਪਾਪ ਨੇ ਉਨ੍ਹਾਂ ਨੂੰ ਕੈਦੀ ਬਣਾ ਲਿਆ ਹੈ ਅਤੇ ਉਸ ਦਾ ਉਨ੍ਹਾਂ ਉੱਤੇ ਵੱਸ ਹੈ, ਜਿਸ ਕਰਕੇ ਉਨ੍ਹਾਂ ਨੂੰ ਕੁਝ ਹੋਰ ਚੰਗਾ ਨਹੀਂ ਲਗਦਾ। ਪਰ ਇਕ ਗੱਲ ਤਾਂ ਪੱਕੀ ਹੈ ਕਿ ਉਹ ਕਿਸੇ ਨਾ ਕਿਸੇ ਦੀ ਉਪਾਸਨਾ ਜਾਂ ਪੂਜਾ ਜ਼ਰੂਰ ਕਰਦੇ ਹਨ।

ਫਿਰ ਤੁਹਾਡੀ ਪਸੰਦ ਦੀ ਗੱਲ ਇਹ ਨਹੀਂ ਹੈ ਕਿ ਤੁਸੀਂ ਇਹਦੀ ਬੰਦਗੀ ਕਰੋਗੇ ਜਾਂ ਨਹੀਂ ਬਲਕਿ ਇਹ ਹੈ ਕਿ ਤੁਸੀਂ ਕਿਸ ਦੀ ਬੰਦਗੀ ਕਰੋਗੇ। ਯਿਸੂ ਨੇ ਇਸ ਨੂੰ ਇਸ ਤਰ੍ਹਾਂ ਕਿਹਾ ਸੀਃ ''ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਕਿਉਂ ਜੋ ਇਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ੁਰ ਅਤੇ ਮਾਇਆ ਦੋਹਾਂ ਦੀ ਸੇਵਾ ਨਹੀਂ ਕਰ ਸਕਦੇ ਹੋ'' (ਮੱਤੀ 6:24)। ਖ਼ੁਦਾ ਜਾਂ ਮਾਇਆ, ਰਚਣਹਾਰੇ ਜਾਂ ਰਚਨਾ ਵਿੱਚੋਂ ਇਕ ਦੀ ਚੋਣ ਕਰਨਾ ਤੁਹਾਡਾ ਕੰਮ ਹੈ। ਤੁਸੀਂ ਇਨ੍ਹਾਂ ਵਿੱਚੋਂ ਕਿਸ ਦੀ ਉਪਾਸਨਾ ਕਰੋਗੇ?

## ਸਾਰ

ਆਪਣੀ ਪਸੰਦ ਨੂੰ ਚੁਣਨ ਲਈ ਕਿਹਾ ਜਾਣ ਤੇ ਤੁਹਾਨੂੰ ਖ਼ੁਦਾ ਦੀ ਸੇਵਾ ਜਾਂ ਬੰਦਗੀ ਕਰਨੀ ਕਿਉਂ ਚੁਣਨੀ ਚਾਹੀਦੀ ਹੈ। ਕੀ ਤੁਸੀਂ ਬੰਦਗੀ ਕੀਤੇ ਬਗੈਰ ਖੁਸ਼ ਰਹਿ ਸਕਦੇ ਹੋ? ਹਾਂ ਮੈਂ ਬੇਝਿਜਕ ਇਹ ਮੰਨਦਾ ਹਾਂ ਕਿ ਤੁਸੀਂ ਖ਼ੁਦਾ ਦੀ ਸੇਵਾ ਕੀਤੇ ਬਗੈਰ ਕੁਝ ਹੱਦ ਤਕ ਖੁਸ਼ ਰਹਿ ਸਕਦੇ ਹੋ, ਪਰ ਮੈਂ ਇਹ ਵੀ ਮੰਨਦਾ ਹਾਂ ਕਿ ਪੂਰੀ ਤਰ੍ਹਾਂ ਨਾਲ ਅਨੰਦਿਤ ਜਾਂ ਭਰਪੂਰੀ ਦੀ ਜ਼ਿੰਦਗੀ ਸਾਡੇ ਪ੍ਰਭੂ ਦੀ ਸੇਵਾ ਕਰਨ ਨਾਲ ਹੀ ਮਿਲਦੀ ਹੈ। ਯਿਸੂ ਨੇ ਇਸ ਨੂੰ ਇਸ ਤਰ੍ਹਾਂ ਕਿਹਾਃ

> ਮੈਂ ਤੁਹਾਨੂੰ ਸਤ ਆਖਦਾ ਹਾਂ, ਅਜਿਹਾ ਕੋਈ ਨਹੀਂ ਜਿਹ ਨੇ ਘਰ ਯਾ ਭਾਈਆਂ ਯਾ ਭੈਣਾਂ ਯਾ ਮਾਂ ਯਾ ਪਿਉ ਯਾ ਬਾਲ ਬੱਚਿਆਂ ਯਾ ਜ਼ਮੀਨਾਂ ਨੂੰ ਮੇਰੇ ਅਤੇ ਇੰਜੀਲ ਦੇ ਲਈ ਛੱਡਿਆ ਹੋਵੇ। ਜਿਹੜਾ ਹੁਣ ਇਸ ਸਮੇਂ ਵਿਚ ਸੌ ਗੁਣਾ ਨਾ ਪਾਵੇ, ਘਰ ਅਤੇ ਭਾਈ ਅਤੇ ਭੈਣਾਂ ਅਤੇ ਮਾਵਾਂ ਅਤੇ ਬਾਲ ਬੱਚੇ ਅਤੇ ਜ਼ਮੀਨਾਂ ਪਰ ਦੁਖਾਂ ਨਾਲ ਅਤੇ ਅਗਲੇ ਜੁਗ ਵਿਚ ਸਦੀਪਕ ਜੀਉਣ (ਮਰਕੁਸ 10:29, 30)।

ਮਸੀਹੀਅਤ ''ਅਸਮਾਨ ਵਿਚ ਮਿਲੀ ਇਕ ਇਕ ਚੀਜ਼ ਦਾ ਮੇਲ ਹੀ ਨਹੀਂ ਹੈ,'' ਇਹ ਸਾਨੂੰ ਇਸ ਜ਼ਿੰਦਗੀ ਦੀਆਂ ਜ਼ਬਰਦਸਤ ਬਰਕਤਾਂ ਦਿੰਦੀ ਹੈ।

ਪਰ ਮਸੀਹੀਅਤ ਅਜਿਹੀ ਕੁਝ ਚੀਜ਼ ਭਾਵ ''... ਅਗਲੇ ਜੀਵਨ ਵਿਚ ਸਦੀਪਕ ਜੀਵਨ''

ਦਿੰਦੀ ਹੈ ਜਿਸ ਨੂੰ ਕੋਈ ਹੋਰ ਨਹੀਂ ਦੇ ਸਕਦਾ ਹੈ! ਜੇ ਤੁਸੀਂ ਮਸੀਹ ਦੇ ਬਗ਼ੈਰ ਵੀ ਓਨਾਂ ਹੀ ਖੁਸ਼ ਰਹਿ ਸਕਦੇ ਹੋ ਜਿੰਨਾਂ ਉਸ ਦੇ ਨਾਲ ਰਹਿ ਕੇ, ਤਾਂ ਵੀ ਤੁਹਾਨੂੰ ਮਾਇਆ ਦੀ ਥਾਂ ਖ਼ੁਦਾ ਨੂੰ ਚੁਣਨ ਦੀ ਕੀਮਤ ਪਾਉਣੀ ਪਵੇਗੀ, ਕਿਉਂਕਿ ਇਸ ਦੁਨੀਆਂ ਵਿਚ ਮਸੀਹ ਦੇ ਬਿਨਾ ਤੁਹਾਨੂੰ ਸੁਰਗ ਵਿਚ ਲਿਜਾਉਣ ਵਾਲਾ ਕੋਈ ਨਹੀਂ ਹੈ।

ਅਤੇ ਤੁਹਾਨੂੰ ਅੱਜ ਹੀ ਉਸ ਨੂੰ ਚੁਣ ਲੈਣਾ ਜ਼ਰੂਰੀ ਹੈ। ਯਹੋਸ਼ੁਆ ਨੇ ਇਸਰਾਏਲੀ ਲੋਕਾਂ ਨੂੰ ਵੰਗਾਰਿਆ ਸੀ: ''ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹਦੀ ਉਪਾਸਨਾ ਤੁਸੀਂ ਕਰੋਗੇ'' (ਯਹੋਸ਼ੁਆ 24: 15)। ਜਿਸ ਕਰਕੇ ਬਹੁਤ ਸਾਰੇ ਲੋਕ ਆਪਣੇ ਫ਼ੈਸਲੇ ਨੂੰ ਟਾਲਣਾ ਚਾਹੁੰਦੇ ਹਨ। ਲਗਦਾ ਹੈ ਕਿ ਜਿਵੇਂ ਉਹ ਕਹਿ ਰਹੇ ਹੋਣ, ''ਪ੍ਰਭੂ ਜੀ, ਮੈਂ ਤੈਨੂੰ ਚੁਣ ਲਵਾਂਗਾ, ਪਰ ਅਜੇ ਨਹੀਂ, ਥੋੜ੍ਹੀ ਦੇਰ ਬਾਅਦ।'' ਤੁਹਾਨੂੰ ਕਿਵੇਂ ਪਤਾ ਕਿ ਬਾਅਦ ਵਿਚ ਤੁਹਾਨੂੰ ਸਮਾਂ ਮਿਲ ਜਾਵੇਗਾ? ਤੁਹਾਡੇ ਕੋਲ ਸਿਰਫ਼ ਅੱਜ ਦਾ ਸਮਾਂ ਹੈ। ਅੱਜ ਹੀ ਉਹ ਸਮਾਂ ਹੈ ਜਿਸ ਵਿਚ ਤੁਹਾਨੂੰ ਮਸੀਹ ਨੂੰ ਚੁਣ ਲੈਣਾ ਚਾਹੀਦਾ ਹੈ। ਉਸ ਨੂੰ ਚੁਣਨਾ ਤੁਹਾਡੀ ਮਰਜ਼ੀ ਤੇ ਹੈ। ਅਸਲ ਵਿਚ ਤੁਸੀਂ ਉਸ ਨੂੰ ਆਪਣੀ ਮਰਜ਼ੀ ਨਾਲ ਹੀ ਚੁਣ ਸਕਦੇ ਹੋ। ਜੇ ਅੱਜ ਅਸੀਂ ਮਸੀਹ ਨੂੰ ਨਹੀਂ ਚੁਣਦੇ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਸੰਸਾਰ ਨੂੰ ਚੁਣ ਲਿਆ ਹੈ। ਤੁਸੀਂ ਬੇਪਰਵਾਹ ਨਹੀਂ ਰਹਿ ਸਕਦੇ। ''ਆਪੇ ਚੋਣ ਕਰੋ'' ਅਤੇ ਮਸੀਹ ਨੂੰ ਚੁਣ ਲਓ!

---

ਟਿੱਪਣੀਅ

[1]ਦ ਸਨ–ਹੈਰਲਡ, ਸਿਡਨੀ, ਐਨ. ਐਸ. ਡਬਲਯੂ. ਜਨਵਰੀ 1971.